**ਵਿਸ਼ਾ :-ਪੰਜਾਬੀ** **ਜਮਾਤ ਨੌਵੀਂ /ਦਸਵੀਂ**

**ਉਪ-ਵਿਸ਼ਾ:- ਸੰਪਾਦਕ ਨੂੰ ਰਸਾਲਾ ਮੰਗਵਾਉਣ ਸੰਬੰਧੀ ਪੱਤਰ।**

**ਤੁਹਾਨੂੰ ਕੋਈ ਰਸਾਲਾ ਚੰਗਾ ਲੱਗਾ ਹੈ। ਤੁਸੀਂ ਰਸਾਲੇ ਦੀਆਂ ਸਿਫ਼ਤਾਂ ਦੱਸਦਿਆਂ ਉਸ ਦੇ ਸੰਪਾਦਕ ਨੂੰ ਪੱਤਰ ਲਿਖੋ ਕਿ ਤੁਸੀਂ ਉਸ ਰਸਾਲੇ ਦਾ ਚੰਦਾ ਭੇਜ ਦਿੱਤਾ ਹੈ । ਰਸਾਲਾ ਤੁਹਾਡੇ ਘਰ ਦੇ ਪਤੇ ਉੱਤੇ ਭੇਜਣਾ ਸ਼ੁਰੂ ਕਰ ਦਿੱਤਾ ਜਾਵੇ।**

111, ਭਾਈ ਰਣਧੀਰ ਸਿੰਘ ਨਗਰ,
ਲੁਧਿਆਣਾ।
12 ਫਰਵਰੀ, 20….

ਸੇਵਾ ਵਿਖੇ

ਸੰਪਾਦਕ ਸਾਹਿਬ,
ਪੰਖੜੀਆਂ,
ਪੰਜਾਬ ਸਕੂਲ ਸਿੱਖਿਆ ਬੋਰਡ,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਵਿਸ਼ਾ:- 'ਪੰਖੜੀਆਂ' ਰਸਾਲਾ ਮੰਗਵਾਉਣ ਸੰਬੰਧੀ।

ਸ੍ਰੀ ਮਾਨ ਜੀ,

ਮੈਨੂੰ ਇੱਕ ਮਿੱਤਰ ਕੋਲੋਂ ਆਪ ਦੁਆਰਾ ਪ੍ਰਕਾਸ਼ਿਤ ਕੀਤਾ ਜਾਂਦਾ ਮਾਸਿਕ ਰਸਾਲਾ 'ਪੰਖੜੀਆਂ' ਪੜ੍ਹਨ ਦਾ ਮੌਕਾ ਮਿਲਿਆ। ਇਸ ਵਿਚਲੀਆਂ ਕਹਾਣੀਆਂ, ਕਵਿਤਾਵਾਂ, ਲੇਖ ਅਤੇ ਚੁਟਕਲੇ ਮੈਨੂੰ ਬਹੁਤ ਹੀ ਪਸੰਦ ਆਏ । ਇਸ ਵਿਚਲੀਆਂ ਰਚਨਾਵਾਂ ਬੜੀਆਂ ਸਿੱਖਿਆਦਾਇਕ ਅਤੇ ਵਿਦਿਆਰਥੀਆਂ ਦੇ ਚਰਿੱਤਰ ਦੀ ਉਸਾਰੀ ਕਰਨ ਵਾਲੀਆਂ ਹਨ।

ਮੈਂ ਇਸ ਰਸਾਲੇ ਤੋਂ ਇੰਨਾਂ ਪ੍ਰਭਾਵਿਤ ਹੋਇਆ ਹਾਂ ਕਿ ਮੈਂ ਆਪ ਜੀ ਨੂੰ ਇੱਕ ਸਾਲ ਦਾ ਚੰਦਾ ਮਨੀਆਰਡਰ ਦੁਆਰਾ ਭੇਜ ਦਿੱਤਾ ਹੈ। ਆਪ ਇਸ ਰਸਾਲੇ ਨੂੰ ਮੇਰੇ ਉੱਪਰ ਦਿੱਤੇ ਪਤੇ 'ਤੇ ਭੇਜਣਾ ਸ਼ੁਰੂ ਕਰ ਦਿਓ ।

ਧੰਨਵਾਦ ਸਹਿਤ।

ਆਪਦਾ ਵਿਸ਼ਵਾਸ-ਪਾਤਰ,
ਹਰਨੇਕ ਸਿੰਘ।

---

ਤਿਆਰ ਕਰਤਾ,
ਸੀਮਾ ਰਾਣੀ,
ਗੌਰਮਿੰਟ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਚੌਂਤਾ (ਲੁਧਿਆਣਾ)